# ਤੁਹਾਡਾ ਰਿਕਿਨ ਨਿਊਜ਼ਲੈਟਰ - ਮਈ 2021

## ਕੋਵਿਡ-19 ਬਾਰੇ ਤਾਜ਼ਾ ਜਾਣਕਾਰੀ

ਅਸੀਂ ਤੁਹਾਨੂੰ ਅਤੇ ਆਪਣੇ ਸਟਾਫ ਨੂੰ ਸੁਰੱਖਿਅਤ ਰੱਖਦਿਆਂ, ਲਗਾਤਾਰ ਆਪਣੀਆਂ ਸੇਵਾਵਾਂ ਕੋਵਿਡ ਤੋਂ ਸੁਰੱਖਿਅਤ ਢੰਗ ਨਾਲ ਪ੍ਰਦਾਨ ਕਰ ਰਹੇ ਹਾਂ। ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ wrekin.com 'ਤੇ ਜਾਓ

## ਵੇਨ ਦਾ ਰਿਕਨ ਵਰਡ

ਯੂਅਰ ਰਿਕਿਨ ਦੇ ਤਾਜ਼ਾ ਸੰਸਕਰਨ ਵਿੱਚ ਤੁਹਾਡਾ ਸਵਾਗਤ ਹੈ।

ਤੁਹਾਡੇ ਵੱਲੋਂ ਇਸ ਨੂੰ ਪੜ੍ਹਨ ਸਮੇਂ, ਲਾਕਡਾਊਨ ਤੋਂ ਬਾਹਰ ਆਉਣ ਲਈ ਸਰਕਾਰੀ ਯੋਜਨਾ ਦੇ ਹਿੱਸੇ ਵੱਜੋਂ ਹੋਰ ਰੁਕਾਵਟਾਂ ਤੋਂ ਰਾਹਤ ਮਿਲਣ ਨਾਲ ਹੁਣ ਅਸੀਂ ਆਮ-ਹਾਲਾਤ ਦੇ ਹੋਰ ਨਜ਼ਦੀਕ ਪਹੁੰਚ ਗਏ ਹਾਂ।

ਆਪਣੇ ਸਭ ਤੋਂ ਕਮਜ਼ੋਰ ਵਸਨੀਕਾਂ ਦੀ ਸੁਰੱਖਿਅਤ ਕਰਨ ਲਈ ਆਪਣੇ ਸਥਾਨਕ ਭਾਈਚਾਰਿਆਂ ਲਈ ਵੈਕਸੀਨ ਲਿਆਉਣ ਲਈ ਬਹੁਤ ਜ਼ਿਆਦਾ ਮਿਹਨਤ ਕੀਤੀ ਗਈ ਹੈ। ਆਉਣ ਵਾਲੇ ਮਹੀਨਿਆਂ ਵਿੱਚ ਹੋਰ ਵੀ ਵਿਅਕਤੀ ਵੈਕਸੀਨ ਲਈ ਯੋਗਤਾ ਪੂਰੀ ਕਰ ਲੈਣਗੇ ਅਤੇ ਮੈਂ ਸਾਰਿਆਂ ਨੂੰ ਉਤਸ਼ਾਹਿਤ ਕਰਦਾ ਹਾਂ ਕਿ ਉਹ ਪੇਸ਼ਕਸ਼ ਕੀਤੇ ਜਾਣ 'ਤੇ ਆਪਣੀ ਟੀਕਾ ਲਗਵਾ ਲੈਣ। ਪਾਬੰਦੀਆਂ ਵਿੱਚ ਢਿੱਲ ਮਿਲਣ ਨਾਲ, ਆਪਣੇ ਆਪ ਨੂੰ ਅਤੇ ਸਾਡੇ ਸਟਾਫ ਨੂੰ ਸੁਰੱਖਿਅਤ ਰੱਖਣ ਵਾਸਤੇ ਮਦਦ ਲਈ ਕਿਰਪਾ ਕਰਕੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਜਾਰੀ ਰੱਖੋ।

ਆਉਂਦੇ ਮਹੀਨਿਆਂ ਵਿੱਚ, ਅਸੀਂ ਆਪਣੀਆਂ ਸੇਵਾਵਾਂ ਕੋਵਿਡ ਤੋਂ ਸੁਰੱਖਿਅਤ ਢੰਗ ਨਾਲ ਪ੍ਰਦਾਨ ਕਰਨੀਆਂ ਜਾਰੀ ਰੱਖਾਂਗੇ। ਜੇ ਕਿਸੇ ਵੀ ਕਾਰਨ ਸਾਨੂੰ ਤੁਹਾਡੇ ਘਰ ਆਉਣਾ ਪੈਂਦਾ ਹੈ, ਤਾਂ ਕਿਰਪਾ ਕਰਕੇ ਸਾਨੂੰ ਦੱਸ ਦਿਓ ਕਿ ਕੀ ਤੁਹਾਨੂੰ ਜਾਂ ਤੁਹਾਡੇ ਘਰ ਵਿੱਚ ਕਿਸੇ ਨੂੰ ਕੋਵਿਡ-19 ਦੇ ਲੱਛਣ ਹਨ। ਇਹ ਤੁਹਾਨੂੰ ਅਤੇ ਆਪਣੇ ਸਟਾਫ ਨੂੰ ਸੁਰੱਖਿਅਤ ਰੱਖਣ ਵਿੱਚ ਸਾਡੀ ਮਦਦ ਕਰਦਾ ਹੈ।

ਸਾਡੀ ਮਨੀ ਮੈਟਰਜ਼ (ਪੈਸੇ ਦੇ ਮਾਮਲਿਆਂ ਸਬੰਧੀ) ਟੀਮ ਨੇ ਸੈਂਕੜੇ ਅਜਿਹੇ ਗਾਹਕਾਂ ਦੀ ਮਦਦ ਕੀਤੀ ਹੈ ਜਿਨ੍ਹਾਂ ਨੇ ਮਹਾਂਮਾਰੀ ਦੌਰਾਨ ਵਿੱਤੀ ਔਖਿਆਈ ਸਹਿਣ ਕੀਤੀ ਹੈ। ਜੇ ਤੁਹਾਨੂੰ ਮੁਸ਼ਕਿਲ ਹੋ ਰਹੀ ਹੈ, ਤਾਂ ਕਿਰਪਾ ਕਰਕੇ ਸੱਚਾਈ ਤੋਂ ਮੂੰਹ ਨਾ ਮੋੜੋ। ਭਾਵੇਂ ਇਹ ਵੱਖ-ਵੱਖ ਬੈਨੀਫਿਟਾਂ, ਜਿਨ੍ਹਾਂ ਲਈ ਤੁਸੀਂ ਯੋਗਤਾ ਪੂਰੀ ਕਰ ਸਕਦੇ ਹੋ, ਬਾਰੇ ਜਾਣਕਾਰੀ ਹੈ, ਜਾਂ ਕਰਜ਼ ਸਬੰਧੀ ਸਲਾਹ ਹੈ, ਟੀਮ ਇੱਥੇ ਮਦਦ ਕਰਨ ਲਈ ਮੌਜੂਦ ਹੈ।

ਸਾਡਾ ਲੋਕਪ੍ਰਿਯ ਕਲੰਡਰ ਮੁਕਾਬਲਾ ਮੁੜ ਸ਼ੁਰੂ ਹੋ ਗਿਆ ਹੈ। ਹਰੇਕ ਸਾਲ, ਸਾਨੂੰ ਆਪਣੇ ਸਮੁੱਚੇ ਭਾਈਚਾਰਿਆ ਤੋਂ ਬਹੁਤ ਸਾਰੀਆਂ ਐਂਟਰੀਆਂ ਪ੍ਰਾਪਤ ਹੁੰਦੀਆਂ ਹਨ ਅਤੇ ਪਿਛਲਾ ਵਰ੍ਹਾ ਵੀ ਕੋਈ ਅੱਪਵਾਦ ਨਹੀਂ ਸੀ। ਇਸ ਸਾਲ ਦਾ ਵਿਸ਼ਾ ਕੁਦਰਤ ਦਾ ਉਪਚਾਰ ਹੈ ਅਤੇ ਅਸੀਂ ਰੰਗੀਨ ਅਤੇ ਰਚਨਾਤਮਕ ਕਲਾਕ੍ਰਿਤੀਆਂ ਦੀ ਉਡੀਕ ਕਰ ਰਹੇ ਹਾਂ - ਪੇਂਟਿੰਗਾਂ ਅਤੇ ਫੋਟੋਗ੍ਰਾਫੀ ਤੋਂ ਲੈ ਕੇ ਕ੍ਰੋਸ਼ੀਏ ਅਤੇ ਮਿੱਟੀ ਦੀਆਂ ਕਲਾਕ੍ਰਿਤੀਆਂ ਤੱਕ।

ਕਿਰਪਾ ਕਰਕੇ ਸੁਰੱਖਿਅਤ ਅਤੇ ਤੰਦਰੁਸਤ ਰਹੋ ਅਤੇ ਤਾਜ਼ਾ ਖ਼ਬਰਾਂ ਲਈ ਸਾਡੀ ਵੈਬਸਾਈਟ ਅਤੇ ਸੋਸ਼ਲ ਮੀਡੀਆ ਚੈਨਲ ਦੇਖਦੇ ਰਹੋ। ਆਓ ਲੋਕਾਂ ਦੀਆਂ ਜ਼ਿੰਦਗੀਆਂ ਵਿੱਚ ਅੰਤਰ ਲਿਆਉਣ ਲਈ ਇਕੱਠੇ ਮਿਲ ਕੇ ਭਾਈਵਾਲੀ ਵਿੱਚ ਕੰਮ ਕਰਨਾ ਜਾਰੀ ਰੱਖੀਏ।

**ਵੇਨ ਗੈਦਿੰਗਜ਼, ਚੀਫ਼ ਐਗਜ਼ੀਕਿਊਟਿਵ**

## ਲੌਰਾ ਹਿਲਡਿੱਚ, ਕਿਰਾਏਦਾਰਾਂ ਦੇ ਪੈਨਲ ਦੀ ਚੇਅਰਪਰਸਨ

ਸਾਥੀ ਕਿਰਾਏਦਾਰਾਂ ਨੂੰ ਨਮਸਤੇ/ਸੱਤ ਸ੍ਰੀ ਅਕਾਲ, ਅਤੇ ਯੂਅਰ ਰਿਕਿਨ ਦੇ ਇਸ ਤਾਜ਼ਾ ਸੰਸਕਰਨ ਵਿੱਚ ਤੁਹਾਡਾ ਸਵਾਗਤ ਹੈ। ਮੈਂ ਹੁਣ ਲਗਭਗ 15 ਸਾਲਾਂ ਤੋਂ ਸ਼ਾਮਲ ਹੋਈ ਕਿਰਾਏਦਾਰ ਹਾਂ। ਕਿਰਾਏਦਾਰਾਂ ਦਾ ਪੈਨਲ ਇਹ ਯਕੀਨੀ ਬਣਾਉਣ ਲਈ ਮਦਦ ਕਰਦਾ ਹੈ ਕਿ ਤੁਹਾਡੀ ਗੱਲ ਸੁਣੀ ਜਾਵੇ, ਅਤੇ ਅਸੀਂ ਜੋ ਕੁਝ ਕਰਦੇ ਹਾਂ ਇਹ ਉਸ ਸਭ ਦੇ ਕੇਂਦਰ ਵਿੱਚ ਹੁੰਦਾ ਹੈ। ਅਸੀਂ ਸੇਵਾਵਾਂ ਵਿੱਚ ਸੁਧਾਰ ਕਰਨ, ਆਪਦੇ ਭਾਈਚਾਰਿਆਂ ਨੂੰ ਮਜਬੂਤ ਬਣਾਉਣ, ਅਤੇ ਅਜਿਹੀਆਂ ਥਾਵਾਂ ਅਤੇ ਮੌਕੇ ਪੈਦਾ ਕਰ ਵਿੱਚ ਮਦਦ ਕਰਨੀ ਚਾਹੁੰਦੇ ਹਾਂ ਜਿਸ ਉੱਤੇ ਹਰ ਕੋਈ ਮਾਣ ਕਰ ਸਕਦਾ ਹੈ।

ਰਿਕਿਨ ਵਿੱਚ ਸ਼ਾਮਲ ਹੋਏ ਕਿਰਾਏਦਾਰ ਹੋਣ ਦੇ ਫਾਇਦਿਆਂ ਵਿੱਚੋਂ ਇੱਕ ਫਾਇਦਾ ਇਹ ਹੈ ਕਿ ਤੁਸੀਂ ਕਈ ਤਰੀਕਿਆਂ ਨਾਲ ਸ਼ਾਮਲ ਹੋ ਸਕਦੇ ਹੋ। ਸਾਡੇ ਈਮੇਲ ਸਰਵੇਖਣਾਂ ਰਾਹੀਂ ਸੰਪਰਕ ਬਣਾਈ ਰੱਖਣ ਤੋਂ ਲੈ ਕੇ ਸਾਡੇ ਸਥਾਪਤ ਸਮੂਹਾਂ ਵਿੱਚ ਸ਼ਾਮਲ ਹੋ ਕੇ; ਕਿਰਾਏਦਾਰਾਂ ਦੇ ਪੈਨਲ, ਆਡੀਟਰਾਂ, ਕਸਟਮਰ ਐਸ਼ੋਰੈਂਸ ਪੈਨਲ ਅਤੇ ਕਸਟਮਰ ਵਾਇਸ ਪੈਨਲ। ਮੈਂ ਵਾਸਤਵਿਕ ਪ੍ਰਭਾਵ ਅਤੇ ਅਸਰ ਬਾਰੇ ਆਪਣੇ ਤਜਰਬੇ ਤੋਂ ਕਹਿ ਸਕਦੀ ਹੈ ਜੋ ਕਿਰਾਏਦਾਰਾਂ ਦਾ ਰਿਕਿਨ ਵਿੱਚ ਇੱਥੇ ਹੋ ਸਕਦਾ ਹੈ।

ਮੈਂ ਆਪਣੇ ਵਿੱਚੋਂ ਜ਼ਿਆਦਾ ਲੋਕਾਂ ਨੂੰ ਸਾਰੇ ਕਿਰਾਏਦਾਰਾਂ ਦੇ ਫਾਇਦੇ ਲਈ ਇਕੱਠਿਆਂ ਕੰਮ ਕਰਦਾ ਦੇਖਣਾ ਪਸੰਦ ਕਰਾਂਗੀ। **ਤੁਹਾਡੇ ਕੋਲ ਅੰਤਰ ਲਿਆਉਣ ਦਾ ਮੌਕਾ ਹੋਵੇਗਾ।** ਇਸ ਲਈ ਕਿਰਪਾ ਕਰਕੇ 01952 217181 'ਤੇ ਸਾਨੂੰ ਕਾਲ ਕਰੋ।

## ਰਿਕਿਨ ਨੌਕਰੀ ਦੇ ਮੌਕੇ ਦੀ ਸ਼ੁਰੂਆਤ ਕਰਦੀ ਹੈ

ਅਸੀਂ ਸਰਕਾਰ ਦੀ ਕਿੱਕਸਟਾਰਟ ਸਕੀਮ ਦੇ ਹਿੱਸੇ ਵੱਜੋਂ ਨੌਜਵਾਨ ਵਿਅਕਤੀਆਂ ਨੂੰ ਕੰਮ ਤੱਕ ਪਹੁੰਚ ਕਰਨ ਦਾ ਮੌਕਾ ਦੇ ਰਹੇ ਹਾਂ। ਕਿੱਕਸਟਾਰਟ ਸਕੀਮ ਸੰਗਠਨਾਂ ਨੂੰ 16-24 ਸਾਲ ਦੀ ਉਮਰ ਦਰਮਿਆਨ ਦੇ ਨੌਜਵਾਨ ਵਿਅਕਤੀਆਂ ਨੂੰ ਛੇ ਮਹੀਨੇ ਲਈ ਕੰਮ ਦੀਆਂ ਪਲੇਸਮੈਂਟਾਂ ਦੇਣ ਲਈ ਉਤਸ਼ਾਹਿਤ ਕਰ ਰਹੀ ਹੈ। ਜੁਲਾਈ ਤੱਕ, ਸਾਨੂੰ ਰਿਕਿਨ ਵਿਖੇ ਲਗਭਗ 50 ਕੈਰੀਅਰਾਂ ਦੀ ਸ਼ੁਰੂਆਤ ਹੋਣ ਦੀ ਉਮੀਦ ਹੈ। ਇੱਕੇ ਸਾਡੇ ਕੁਝ ਕਿੱਕਸਟਾਰਡ ਕਮਰਚਾਰੀ ਹਨ:

**ਸਨਮ ਲੀਲ**
ਵਿਸ਼ਾ-ਸਾਮੱਗਰੀ ਅਤੇ ਮੁਹਿੰਮਾਂ ਬਾਰੇ ਸਹਾਇਕ

ਇਹ ਮੇਰੇ ਲਈ ਬਹੁਤ ਹੀ ਉਤਸ਼ਾਹਜਨਕ ਮੌਕਾ ਹੈ। ਇੱਕ ਸਫਲ ਸੰਗਠਨ, ਜੋ ਲੋਕਾਂ ਦੀ ਜ਼ਿੰਦਗੀ ਵਿੱਚ ਅਸਲ ਵਿੱਚ ਅੰਤਰ ਲਿਆਉਂਦਾ ਹੈ, ਲਈ ਆਪਣੀ ਦਿਲਚਸਪੀ ਦੇ ਖੇਤਰ ਵਿੱਚ ਮਾਹਰਾਂ ਨਾਲ ਕੰਮ ਕਰ ਸਕਣਾ, ਸੱਚਮੁੱਚ ਮਾਣ ਕਰਨ ਵਾਲਾ ਪਲ ਹੈ।

**ਸੁਮੇਰ ਡੇਵਿਸ-ਨਿਊਟਨ**
ਰਚਨਾਤਮਕ ਸਾਮੱਗਰੀ ਲਈ ਸਹਾਇਕ
ਕਿੱਕਸਟਾਰਟ ਸਕੀਮ ਨਾ ਸਿਰਫ ਮੇਰੇ ਲਈ ਬਿਹਤਰ ਭਵਿੱਖ ਬਣਾਉਣ ਵਿੱਚ ਮਦਦ ਕਰ ਰਹੀ ਹੈ ਪਰ ਮੇਰੀ ਧੀ ਅਤੇ ਮੇਰੇ ਪਰਿਵਾਰ ਲਈ ਵੀ ਅਜਿਹਾ ਕਰ ਰਹੀ ਹੈ।

**ਐਲੀ ਹਿਊਜ਼**
ਕੇਟਰਿੰਗ ਸਪੋਰਟ ਅਸਿਸਟੈਂਟ
ਇਹ ਇੱਕ ਅਜਿਹੇ ਸੰਗਠਨ ਅੰਦਰ ਕੰਮ ਕਰਨ ਦਾ ਅਸਲ ਮੌਕਾ ਅਤੇ ਬਹੁਤ ਵਧੀਆ ਅਹਿਸਾਸ ਹੈ ਜਿਸ ਦੀ ਹਰੇਕ ਕੀਤੇ ਜਾਣ ਵਾਲੇ ਕੰਮ ਪ੍ਰਤੀ ਦਿਲੀ ਪਹੁੰਚ ਹੁੰਦੀ ਹੈ। ਇਹ ਇੱਕ ਵਿਅਕਤੀ ਵੱਜੋਂ ਅੱਗੇ ਵਧਣ ਵਿੱਚ ਮੇਰੀ ਮਦਦ ਲਈ ਬਹੁਤ ਹੀ ਵੱਡਾ ਮੌਕਾ ਹੈ ਅਤੇ ਮੈਨੂੰ ਸੁਨਹਿਰੇ ਭਵਿੱਖ ਵੱਲ ਇੱਕ ਰੋਮਾਂਚਕਾਰੀ ਸਫਰ 'ਤੇ ਲੈ ਕੇ ਜਾਏਗਾ।

**ਲਿਡੀਆ ਵਾਕਰ**
ਭਲਾਈ ਸਹਾਇਤਾ ਕਰਮਚਾਰੀ
ਪਹਿਲੇ ਦਿਨ ਤੋਂ ਹੀ ਮੈਨੂੰ ਨਾ-ਮੰਨਣਯੋਗ ਹੱਦ ਤੱਕ ਸਹਾਇਤਾ ਮਿਲੀ ਸੀ ਅਤੇ ਅਜਿਹੀ ਟੀਮ ਵਿੱਚ ਸ਼ਾਮਲ ਹੋਣ 'ਤੇ ਖੁਸ਼ਕਿਸਮਤ ਰਹੀ ਹਾਂ ਜਿਨ੍ਹਾਂ ਨੇ ਦਿਲ ਖੋਲ੍ਹ ਕੇ ਮੇਰਾ ਸਵਾਗਤ ਕੀਤਾ ਹੈ। ਮੈਂ ਹਰ ਦਿਨ ਦੀ ਬੇਸਬਰੀ ਨਾਲ ਉਡੀਕ ਕਰਦੀ ਹਾਂ ਅਤੇ ਇਹ ਦੇਖਣ ਲਈ ਉਡੀਕ ਨਹੀਂ ਕਰ ਸਕਦੀ ਕਿ ਭਵਿੱਖ ਵਿੱਚ ਕੀ ਹੋਵੇਗਾ।

ਸਾਡੇ ਕੋਲ ਕਿੱਕਸਟਾਰਟ ਪਲੇਸਮੈਂਟਾਂ ਤੋਂ ਲੈ ਕੇ ਪੂਰੇ ਸਮੇਂ ਦੀਆਂ ਭੂਮਿਕਾਵਾਂ ਲਈ ਕਈ ਮੌਕੇ ਅਤੇ ਭੂਮਿਕਾਵਾਂ ਉਪਲਬਧ ਹਨ, ਕਿਰਪਾ ਕਰਕੇ ਮੌਜੂਦਾ ਅਸਾਮੀਆਂ ਲਈ **wrekin.com/jobs** ਨੂੰ ਦੇਖੋ।

## ਰਿਕਿਨ ਵਿੱਚ ਭਵਿੱਖ ਦਾ ਨਿਰਮਾਣ ਕਰਨਾ

ਰਿਕਿਨ ਵਿਖੇ, ਸਾਡੀਆਂ ਮਾਰਚ 2025 ਤੱਕ ਖ਼ਰਚ-ਸਹਿਣਯੋਗ ਕਿਰਾਏ, ਕਿਰਾਏ ਤੋਂ ਖ਼ਰੀਦ ਅਤੇ ਸਾਂਝੀ ਮਲਕੀਅਤ ਲਈ ਲਗਭਗ 2300 ਨਵੇਂ ਘਰ ਮੁਹੱਈਆ ਕਰਨ ਲਈ ਉਤਸ਼ਾਹਪੂਰਨ ਯੋਜਨਾਵਾਂ ਹਨ। ਸਾਡੇ ਵਿਕਾਸ ਪ੍ਰੋਗਰਾਮ ਇਸ ਸਮੇਂ ਪ੍ਰਕਿਰਿਆ ਅਧੀਨ ਹਨ ਅਤੇ ਇਸ ਸਮੇਂ ਸਮੁੱਚੇ ਸ਼ਰੌਪਸ਼ਾਇਰ ਅਤੇ ਸਟੈਫੋਰਡਸ਼ਾਇਰ ਦੀਆਂ ਥਾਵਾਂ ਵਿਖੇ ਨਵੇਂ ਘਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ।

### ਇਤਿਹਾਸਕ ਹੇਬ੍ਰਿੱਜ ਹਾਲ ਨੂੰ ਆਧੁਨਿਕ ਰਿਟਾਇਰਮੈਂਟ ਅਪਾਰਟਮੈਂਟ ਵਿੱਚ ਤਬਦੀਲ ਕੀਤਾ ਗਿਆ

ਹੈਡਲੀ ਵਿੱਚ ਇਤਿਹਾਸਕ ਹੇਬ੍ਰਿੱਜ ਹਾਲ ਨੂੰ ਹਾਲ ਹੀ ਵਿੱਚ ਰਿਟਾਇਰ ਵਸਨੀਕਾਂ ਲਈ ਦਸ ਨਵੇਂ, ਖੂਬਸੂਰਤ ਅਪਾਰਟਮੈਂਟਾਂ ਵਿੱਚ ਤਬਦੀਲ ਕੀਤਾ ਗਿਆ ਹੈ।

ਇੱਕ ਆਧੁਨਿਕ ਜਗ੍ਹਾ ਵਿੱਚ, ਵਸਨੀਕਾਂ ਦੇ ਆਰਾਮ ਅਤੇ ਆਨੰਦ ਲਈ ਬੈਠਣ ਦੀ ਸੁਵਿਧਾ ਨਾਲ ਨਵਾਂ ਪੌਦਿਆਂ ਵਾਲਾ ਵਿਹੜਾ ਵੀ ਤਿਆਰ ਕੀਤਾ ਗਿਆ ਹੈ, ਜੋ ਇਸ ਉਦੇਸ਼ ਲਈ ਚੰਗੀ ਤਰ੍ਹਾਂ ਨਾਲ ਲੈਸ ਹੈ।

ਰਿਕਨ ਲਈ ਡਿਵੈਲਪਮੈਂਟ ਮੈਨੇਜਰ ਮੈਟ ਬੇਕਲੀ ਨੇ ਕਿਹਾ ਕਿ, "ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਵਸਨੀਕ ਹੁਣ ਇਨ੍ਹਾਂ ਅਪਾਰਟਮੈਂਟ ਵਿੱਚ ਰਹਿਣ ਲਈ ਆ ਰਹੇ ਹਨ। ਹਾਲ ਹੁਣ ਅਸਲ ਵਿਸ਼ੇਸ਼ਤਾਵਾਂ, ਜਿਨ੍ਹਾਂ ਨੂੰ ਵਧਾਇਆ ਅਤੇ ਸੰਭਾਲ ਕੇ ਰੱਖਿਆ ਗਿਆ ਹੈ, ਨਾਲ ਆਧੁਨਿਕ ਸਹੂਲਤਾਂ ਨੂੰ ਵੀ ਇਕੱਠਿਆ ਸ਼ਾਮਲ ਕਰਦਾ ਹੈ।"

## ਸ਼ਾਇਰਲਿਵਿੰਗ

ਸਾਡੀ ਸ਼ਿਫਨਲ ਵਿੱਚ ਨਵੀਂ ਸ਼ਾਇਰਲਿਵਿੰਗ ਸਕੀਮ ਦੀ ਇਸ ਪਤਝੜ ਵਿੱਚ ਸ਼ੁਰੂਆਤ ਹੋ ਰਹੀ ਹੈ। ਸਪਰਿੰਗਵੁੱਡ ਇੱਕ ਅਤੇ ਦੋ-ਬੈੱਡਰੂਮਾਂ ਵਾਲੇ 70 ਅਪਾਰਟਮੈਂਟਾਂ ਦਾ ਇੱਕ ਆਧੁਨਿਕ (ਫੈਸ਼ਨੇਬਲ) ਵਿਕਾਸ ਹੈ; ਇਸ ਦੀਆਂ ਅਦਭੁੱਤ ਸਾਂਝੀਆਂ ਥਾਵਾਂ ਵਿੱਚ ਕੈਫੇ, ਲਾਉਂਜ ਅਤੇ ਕੁਦਰਤੀ-ਦ੍ਰਿਸ਼ ਵਾਲੇ ਬਾਗ ਸ਼ਾਮਲ ਹਨ। ਇਸ ਦੇ ਨਾਲ ਦੋਸਤਾਨਾ ਟੀਮ ਹੈ, ਜੋ ਵਰਤਮਾਨ ਅਤੇ ਭਵਿੱਖ ਵਿੱਚ ਕਿਸੇ ਵੀ ਦੇਖਭਾਲ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਫੌਰੀ ਉਪਲਬਧ ਹੁੰਦੀ ਹੈ, ਸਪਰਿੰਗਵੁੱਡ 55 ਸਾਲ ਤੋਂ ਵੱਧ ਉਮਰ ਵਾਲਿਆਂ ਲਈ ਬਿਲਕੁਲ ਸਹੀ ਚੋਣ ਹੋ ਜੋ ਝੰਝਟ-ਮੁਕਤ, ਆਰਾਮਦੇਹ ਅਤੇ ਸੁਰੱਖਿਅਤ ਭਵਿੱਖ ਦੀ ਤਲਾਸ਼ ਵਿੱਚ ਹਨ।
ਸਪਰਿੰਗਵੁੱਡ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ shireliving.co.uk 'ਤੇ ਜਾਓ ਜਾਂ 01952 217444 'ਤੇ ਕਾਲ ਕਰੋ।

## ਸਾਡੀ 2021/2021 ਦੀ ਕਾਰਗੁਜ਼ਾਰੀ

99.67% ਗਾਹਕ ਆਪਣੇ ਘਰ ਵਿੱਚ ਸੁਧਾਰ ਵਾਲੇ ਕੰਮਾਂ ਤੋਂ ਸੰਤੁਸ਼ਟ ਸਨ

**ਆਪਣੇ ਘਰਾਂ ਨੂੰ ਸੁਰੱਖਿਅਤ ਰੱਖਣਾ**

- ਹੀਟਿੰਗ, ਅੱਗ ਦੇ ਜੋਖਮ ਮੁਲਾਂਕਣਾਂ ਅਤੇ ਐਸਬੈਸਟੋਜ਼ ਵਿੱਚ 100% ਪਾਲਣਾ
- ਬਿਜਲਈ ਸੁਰੱਖਿਆ ਦੇ 99.89% ਮੁਆਇਨਿਆਂ ਨੂੰ ਪੂਰਾ ਕੀਤਾ ਗਿਆ

**ਮੁਰੰਮਤਾਂ**

ਸਾਡੇ 95.6% ਗਾਹਕ ਉਨ੍ਹਾਂ ਨੂੰ ਮਿਲੀਆਂ ਮੁਰੰਮਤ ਸੇਵਾਵਾਂ ਤੋਂ ਸੰਤੁਸ਼ਟ ਸਨ + 3%

83% ਮੁਰੰਮਤਾਂ ਨੂੰ ਉਸੇ ਦਿਨ ਪੂਰਾ ਕੀਤਾ ਗਿਆ ਸੀ + 4%

ਸਾਡੇ 88% ਗਾਹਕ ਇਸ ਗੱਲੋਂ ਸੰਤੁਸ਼ਟ ਸਨ ਕਿ ਮੁਰੰਮਤ ਨੂੰ ਪਹਿਲੀ ਵਾਰ ਵਿੱਚ ਹੀ ਪੂਰਾ ਕੀਤਾ ਗਿਆ+ 6%

**ਗਾਹਕਾਂ ਦੀਆਂ ਕਾਲਾਂ**
ਅਸੀਂ ਗਾਹਕਾਂ ਦੀਆਂ ਕਾਲਾਂ ਦਾ ਉੱਤਰ ਦੇਣ ਲਈ ਸਾਡੇ ਵੱਲੋਂ ਲੱਗਣ ਵਾਲੇ ਸਮੇਂ ਨੂੰ ਲਗਭਗ ਅੱਧਾ ਕਰ ਲਿਆ ਹੈ

**ਵਧੀਆ ਮਿਆਰ ਦੇ ਘਰ**

ਸਾਡੇ 100% ਘਰ ਸ਼ਾਨਦਾਰ ਘਰਾਂ ਦੇ ਮਿਆਰ ਨੂੰ ਪੂਰਾ ਕਰਦੇ ਹਨ

**ਖਾਲੀ ਅਤੇ ਕਿਰਾਏ ਉੱਤੇ ਦਿੱਤੇ ਘਰ**

- ਘਰਾਂ ਦੇ ਖਾਲੀ ਰਹਿਣ ਵਾਲੇ ਦਿਨਾਂ ਦੀ ਔਸਤ ਗਿਣਤੀ 34.83 ਦਿਨ ਸੀ, ਜੋ ਪਿਛਲੇ ਸਾਲ ਤੋਂ 14.57 ਜ਼ਿਆਦਾ ਸੀ, ਇਹ ਸਾਡੇ ਵੱਲੋਂ ਤੈਅ ਕੀਤੇ ਗਏ ਕੋਵਿਡ ਸੁਰੱਖਿਆ ਉਪਾਆਂ ਕਰਕੇ ਸੀ।
- ਇਨ੍ਹਾਂ ਚੁਣੌਤੀਆਂ ਦੇ ਬਾਵਜੂਦ, ਅਸੀਂ ਪਿਛਲੇ ਸਾਲ 1142 ਘਰਾਂ ਨੂੰ ਕਿਰਾਏ 'ਤੇ ਦਿੱਤਾ ਜਿਨ੍ਹਾਂ ਵਿੱਚ 299 ਨਵੇਂ ਉਸਾਰੇ ਘਰ ਸ਼ਾਮਲ ਹਨ

**ਗ਼ੈਰ-ਸਮਾਜਿਕ ਵਿਵਹਾਰ**

- ਰਿਪੋਰਟ ਕੀਤੇ ਮਾਮਲਿਆਂ ਵਿੱਚ 5.8% ਵਾਧਾ
- ਅਸੀਂ ਮੁੱਦੇ ਨੂੰ ਜਿਸ ਤਰੀਕੇ ਨਾਲ ਨਜਿੱਠਿਆ, ਲਗਭਗ 98% ਗਾਹਕ ਉਸ ਤੋਂ ਖੁਸ਼ ਸਨ

**ਗਾਹਕਾਂ ਦੀ ਸੰਤੁਸ਼ਟੀ**

- 87% ਗਾਹਕ ਮਕਾਨ-ਮਾਲਕ ਵੱਜੋਂ ਸਾਡੇ ਤੋਂ ਸੰਤੁਸ਼ਟ ਸਨ
- ਅਸੀਂ 360 ਸ਼ਿਕਾਇਤਾਂ ਪ੍ਰਾਪਤ ਕੀਤੀਆਂ

**ਸਾਡੀਆਂ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਸਾਡੀ ਮਦਦ ਕਰੋ**
ਗਾਹਕਾਂ ਲਈ ਸਾਡੀ ਵਚਨਬੱਧਤਾ ਦੇ ਹਿੱਸੇ ਵੱਜੋਂ, ਅਸੀਂ ਸਰਵੇਖਣਾਂ ਲਈ ਡਿਜੀਟਲ ਸਿਸਟਮ ਵੱਲ ਤਬਦੀਲੀ ਕੀਤੀ ਹੈ।

ਇਸ ਤਰ੍ਹਾਂ ਜੇ ਤੁਹਾਨੂੰ ਇਹ ਸੱਦਾ ਦੇਣ ਲਈ ਸਾਡੀ ਤਰਫੋਂ ਇੱਕ ਟੈਕਸਟ-ਸੰਦੇਸ਼ ਜਾਂ ਈਮੇਲ ਪ੍ਰਾਪਤ ਹੁੰਦੀ ਹੈ ਕਿ ਤੁਸੀਂ ਇੱਕ ਸਰਵੇਖਣ ਵਿੱਚ ਹਿੱਸਾ ਲਵੋ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਸੀਂ ਸਾਡੀ ਸੇਵਾ ਬਾਰੇ ਕੀ ਸੋਚਦੇ ਹੋ। ਅਸੀਂ ਆਸ ਕਰਦੇ ਹਾਂ ਕਿ ਇਹ ਗਾਹਕਾਂ ਦੇ ਜੁੜਾਵ ਵਿੱਚ ਵਾਧਾ ਕਰੇਗਾ ਅਤੇ ਤੁਹਾਡੇ ਲਈ ਸਾਡੀਆਂ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਸਾਡੀ ਮਦਦ ਕਰੇਗਾ।

## ਮਨੀ ਮੈਟਰਜ਼

ਇੱਥੇ ਮਦਦ ਲਈ ਮੌਜੂਦ ਹਾਂ
ਜੇ ਮਹਾਂਮਾਰੀ ਕਰਕੇ ਤੁਹਾਨੂੰ ਆਪਣੇ ਕਿਰਾਏ ਅਤੇ ਹੋਰਨਾਂ ਬਿਲਾਂ ਦਾ ਭੁਗਤਾਨ ਕਰਨ ਵਿੱਚ ਮੁਸ਼ਕਿਲ ਹੋ ਰਹੀ ਹੈ, ਤਾਂ ਕਿਰਪਾ ਕਰਕੇ ਸੱਚਾਈ ਤੋਂ ਮੂੰਹ ਨਾ ਮੋੜੋ - ਅਸੀਂ ਮਦਦ ਕਰ ਸਕਦੇ ਹਾਂ।
ਸਾਡੀ ਮਨੀ ਮੈਟਰਜ਼ ਦੀ ਟੀਮ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਦੇਣ ਅਤੇ ਸਹਾਇਤਾ ਕਰਨ ਲਈ ਫੌਰੀ ਉਪਲਬਧ ਹੈ।

ਸਾਡੇ ਮਾਹਰ ਸਲਾਹਕਾਰ ਇਨ੍ਹਾਂ ਗੱਲਾਂ ਲਈ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਸੇਧ ਦੇ ਸਕਦੇ ਹਨ:

- ਤੁਹਾਡੇ ਬੱਜਟ ਪ੍ਰਬੰਧਨ ਲਈ
- ਤੁਹਾਡੇ ਉਪਯੋਗਤਾ ਬਿੱਲਾਂ ਵਾਸਤੇ ਮਦਦ ਲਈ
- ਕਰਜ਼ ਬਾਰੇ ਸਲਾਹ ਲਈ
- ਸਾਰੇ ਭਲਾਈ ਬੈਨੀਫਿਟਾਂ ਵਾਸਤੇ ਸਲਾਹ ਅਤੇ ਮਦਦ ਲਈ
- ਰੁਜ਼ਗਾਰ ਅਤੇ ਸਿਖਲਾਈ ਦੀ ਸ਼ੁਰੂਆਤ ਕਰਨ ਵਾਸਤੇ ਮਦਦ ਲਈ

"ਬਹੁਤ ਸਾਰੇ ਘਰਾਂ ਲਈ ਇਹ ਸੱਚਮੁੱਚ ਮੁਸ਼ਕਿਲ ਸਮੇਂ ਹਨ, ਪਰ ਅਹਿਮ ਗੱਲ ਛੇਤੀ ਤੋਂ ਛੇਤੀ ਸਲਾਹ ਲੈਣਾ ਹੈ।

ਅਸੀਂ ਉਨ੍ਹਾਂ ਲੋਕਾਂ ਨਾਲ ਗੱਲ ਕੀਤੀ ਹੈ ਜਿਨ੍ਹਾਂ ਨੂੰ ਫਰਲੋ ਦਿੱਤੀ ਗਈ ਹੈ ਜਾਂ ਜੋ ਛਾਂਟੀ ਦਾ ਸਾਹਮਣਾ ਕਰ ਰਹੇ ਹਨ ਅਤੇ ਅੱਗੇ ਲਈ ਯੋਜਨਾ ਬਣਾਉਣ ਵਿੱਚ ਉਨ੍ਹਾਂ ਦੀ ਮਦਦ ਕਰ ਸਕੇ ਹਾਂ।

ਅਸੀਂ ਇੱਥੇ ਮਦਦ ਲਈ ਮੌਜੂਦ ਹਾਂ। ਸਭ ਤੋਂ ਮਹੱਤਵਪੂਰਨ ਗੱਲ ਹੈ ਕਿ ਜਿਉਂ ਹੀ ਤੁਹਾਨੂੰ ਲੱਗਣ ਲੱਗਦਾ ਹੈ ਕਿ ਤੁਹਾਨੂੰ ਪੈਸਿਆਂ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ ਤਾਂ ਤਿਉਂ ਹੀ ਸਾਡੇ ਨਾਲ ਗੱਲ ਕਰੋ। ਅਸੀਂ ਤੁਹਾਡੀ ਇਹ ਸਮਝਣ ਵਿੱਚ ਮਦਦ ਕਰ ਸਕਦੇ ਹਾਂ ਕਿ ਕਰਜ਼ ਵਿੱਚ ਵਾਧਾ ਸ਼ੁਰੂ ਹੋਣ ਤੋਂ ਪਹਿਲਾਂ ਤੁਸੀਂ ਕਿੰਨ੍ਹਾਂ ਗੱਲਾਂ ਲਈ ਹੱਕਦਾਰ ਹੋ ਸਕਦੇ ਹੋ।"

ਡੇਬ ਮੌਰਿਸਨ
ਵਿੱਤੀ ਸ਼ਮੂਲੀਅਤ ਸਬੰਧੀ ਮੈਨੇਜਰ
ਸਾਡੀ ਮਨੀ ਮੈਟਰਜ਼ ਟੀਮ ਨਾਲ 01952 217234 ’ਤੇ ਜਾਂ money.matters@wrekin.com ’ਤੇ ਸੰਪਰਕ ਕਰੋ

## ਘਰ ਦੇ ਸਮਾਨ ਦਾ ਬੀਮਾ

ਰਿਕਿਨ ਦੇ ਗਾਹਕਾਂ ਲਈ ਖ਼ਰਚ-ਸਹਿਣਯੋਗ ਬੀਮਾ-ਸੁਰੱਖਿਆ

ਘਰ ਦੇ ਸਮਾਨ ਲਈ ਬੀਮੇ ਵੱਲੋਂ ਅੱਗ ਲੱਗਣ, ਚੋਰੀ ਜਾਂ ਹੜ੍ਹ ਆਉਣ ਦੀ ਸੂਰਤ ਵਿੱਚ ਹੋਣ ਵਾਲੇ ਨੁਕਸਾਨ ਲਈ ਬੀਮਾ-ਸੁਰੱਖਿਆ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਅਵੀਵਾ ਨਾਲ ਭਾਈਵਾਲੀ ਕਰਕੇ ਅਸੀਂ ਰਿਕਿਨ ਦੇ ਗਾਹਕਾਂ ਨੂੰ ਖ਼ਰਚ-ਸਹਿਣਯੋਗ ਕੀਮਤਾਂ ਉੱਤੇ ਘਰ ਦੇ ਸਮਾਨ ਦੇ ਬੀਮੇ ਦੀ ਪੇਸ਼ਕਸ਼ ਕਰਦੇ ਹਾਂ ਜਿਨ੍ਹਾਂ ਨੂੰ ਦੋ ਹਫ਼ਤਿਆਂ ਜਾਂ ਮਹੀਨੇਵਾਰ ਕਿਸ਼ਤਾਂ ਨਾਲ ਅਦਾ ਕੀਤਾ ਜਾ ਸਕਦਾ ਹੈ। ਇਹ ਸਕੀਮ ਸਿਰਫ ਰਿਕਿਨ ਗਾਹਕਾਂ ਲਈ ਹੈ ਅਤੇ ਕੋਈ ਵੀ ਵਾਧੂ-ਖ਼ਰਚ ਨਹੀਂ ਹਨ - ਇਸ ਦਾ ਅਰਥ ਹੈ ਕਿ ਦਾਅਵਾ ਲੈਣ ਦੀ ਸੂਰਤ ਵਿੱਚ ਕੁਝ ਵੀ ਭੁਗਤਾਨ ਨਹੀਂ ਕਰਨਾ ਪੈਣਾ। ਇੱਥੇ ਵੇਰਵੇ ਦਿੱਤੇ ਹਨ: **wrekin.com/contentsinsurance**

### ਕੁਝ ਕੁਦਰਤੀ ਉਪਚਾਰ ਲਈ ਕਲੰਡਰ ਆਰਟ ਪੂਰਾ ਕਰਨ ਲਈ ਕਾਲਾਂ

ਅਸੀਂ ਇੱਕ ਵਾਰੀ ਫੇਰ ਤੋਂ ਆਪਣੇ ਅਗਲੇ ਕਲੰਡਰ ਨੂੰ ਤਿਆਰ ਕਰਨ ਲਈ ਕਲਾਕ੍ਰਿਤੀਆਂ ਖੋਜ ਰਹੇ ਹਾਂ। ਇਸ ਸਾਲ ਦਾ ਵਿਸ਼ਾ ਹੈ ਕੁਦਰਤ ਦਾ ਉਪਚਾਰ।

ਕੁਦਰਤ ਜਾਂ ਕਿਸੇ ਬਾਹਰੀ ਜਗ੍ਹਾ ਬਾਰੇ ਸੋਚੋ ਜਿਸ ਨੇ ਤੁਹਾਨੂੰ ਸੁਖਦ ਅਹਿਸਾਸ ਕਰਵਾਇਆ ਹੈ, ਨਵੇਂ ਪਤਾ ਲਗਾਏ ਸਥਾਨਕ ਸਵਰਗ ਦੀਆਂ ਖੁਸ਼ੀ ਭਰੀਆਂ ਯਾਦਾਂ ਬਾਰੇ ਸੋਚੋ ਜਾਂ ਆਪਣੇ ਬਾਗ ਜਾਂ ਇਸ ਦੀ ਜੰਗਲੀ-ਜੀਵਨ ਤੋਂ ਪ੍ਰੇਰਣਾ ਲਵੋ। 12 ਜੇਤੂਆਂ ਨੂੰ ਕਲੰਡਰ ਵਿੱਚ ਪ੍ਰਕਾਸ਼ਤ ਕੀਤਾ, ਪ੍ਰਦਰਸ਼ਿਤ ਕੀਤਾ ਜਾਵੇਗਾ, ਅਤੇ ਹਰੇਕ ਖ਼ਰੀਦਦਾਰੀ ਵਾਊਚਰ ਜਿੱਤੇਗਾ। ਤੁਹਾਡੇ ਕੋਲ ਕਿਸੇ ਵੀ ਮਾਧਿਅਮ ਵਿੱਚ ਰਚਨਾ ਬਣਾਉਣ ਲਈ ਅਗਸਤ ਦੇ ਆਖ਼ਰ ਤੱਕ ਦਾ ਸਮਾਂ ਹੈ।

ਜ਼ਿਆਦਾ ਜਾਣਕਾਰੀ ਲੈਣ ਅਤੇ ਦਰਜ ਕਰਵਾਉਣ ਲਈ ਇੱਥੇ ਜਾਓ: to get creative ਜਾਂ ਇੱਥੇ: calendar@wrekin.com ਈਮੇਲ ਕਰੋ

### ਸਰਦੀਆਂ ਦੇ ਸੰਸਕਰਨ ਦੀ ਪ੍ਰਤੀਯੋਗਤਾ ਦੇ ਜੇਤੂ!

ਇੱਥੇ ਸਾਡੇ ਸਰਦੀਆਂ ਦੇ ਯੁਅਰ ਰਿਕਿਨ ਸੰਸਕਰਨ ਤੋਂ ਪ੍ਰਤੀਯੋਗਤਾ ਦੇ ਸਾਰੇ ਜੇਤੂਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ।

ਡਿਜੀਟਲ ਸਾਈਨ ਅੱਪ ਜੇਤੂ - ਵਿਨਸਟਨ ਹੌਪਰ ਸਾਡੇ ਡਿਜੀਟਲ ਸਾਈਨ ਅੱਪ ਮੁਕਾਬਲੇ ਲਈ ਬਗੈਰ ਕਿਸੇ ਤਰਤੀਬ ਤੋਂ ਚੁਣੇ ਜਾਣ ਤੋਂ ਬਾਅਦ ਐਮਾਜ਼ਨ ਈਕੋ ਜਿੱਤਦੇ ਹਨ

ਵਰਡ ਵ੍ਹੀਲ ਜੇਤੂ - ਹੇਲੇਨ ਲਾਅ ਨੇ ਸਾਡੇ ਵਰਡ ਵ੍ਹੀਲ ਮੁਕਾਬਲੇ ਵਿੱਚ 160 ਸ਼ਬਦ ਲੱਭੇ ਅਤੇ ਉਹ £50 ਦੇ ਖ਼ਰੀਦਦਾਰੀ ਵਾਊਚਰ ਜਿੱਤਦੀ ਹੈ।

ਕਲਰਿੰਗ ਦੇ ਜੇਤੂ - ਸਾਡੇ ਡਿਜ਼ਾਇਨਰ ਦੀ ਪਸੰਦੀਦਾ ਹੈੱਜਹੌਲ ਕਲਰਿੰਗ ਕੈਡੇਂਸ ਡੇਵਿਸ ਵੱਲੋਂ ਇੱਕ ਖੂਬਸੂਰਤ ਰੇਨਬੋ ਹੈੱਜਹੌਗ ਸੀ। ਸ਼ਾਬਾਸ਼ ਕੈਡੇਂਸ। ਤੁਸੀਂ £50 ਦੇ ਖ਼ਰੀਦਦਾਰੀ ਵਾਊਚਰ ਜਿੱਤੇ ਹਨ।

## £50 ਦੇ ਖ਼ਰੀਦਦਾਰੀ ਵਾਊਚਰ ਜਿੱਤੋ

ਅਸੀਂ ਦੁਬਾਰਾ ਤੋਂ ਆਪਣੇ ਪੁਰਸਕਾਰ ਲਈ ਡਰਾਅ ਕੱਢ ਰਹੇ ਹਾਂ! £50 ਦੇ ਖ਼ਰੀਦਦਾਰੀ ਵਾਊਚਰ ਜਿੱਤਣ ਦੇ ਮੌਕੇ ਲਈ ਇਹ ਨਿਊਜ਼ਲੈਟਰ ਇਲੈਕਟ੍ਰਿਕ ਢੰਗ ਨਾਲ ਪੂਰਾ ਕਰਨ ਲਈ ਸਾਈਨ ਅੱਪ ਕਰੋ! ਵੇਰਵਿਆਂ ਲਈ ਆਪਣੀ ਐਡਰੈਸ ਸ਼ੀਟ ਦੇਖੋ।